# ਮਾੱਡਲ ਟੈਸਟ ਪੇਪਰ

## ਸਾਲਾਨਾ ਮੁਲਾਂਕਣ ਮਾਰਚ, 2021

**ਵਿਸ਼ਾ : ਵਾਤਾਵਰਨ ਸਿੱਖਿਆ** **ਜਮਾਤ ਪੰਜਵੀਂ**

ਸਕੂਲ ...................................................................................................................

ਵਿਦਿਆਰਥੀ ਦਾ ਨਾਂ ..................................... ਜਮਾਤ ...................

ਰੋਲ ਨੰਬਰ .................... ਮਿਤੀ ........................

ਅੰਕ : 75 + ਸੁੰਦਰ ਲਿਖਾਈ : 5

ਕੁੱਲ ਅੰਕ : 80 ਸਮਾਂ : 3 ਘੰਟੇ

### ਭਾਗ ੳ

**ਸਹੀ ਉੱਤਰ ਚੁਣੋ** **20 x 2 = 40ਅੰਕ**

1. ਦੂਜੇ ਸੂਬਿਆਂ (ਰਾਜਾਂ) ਤੋਂ ਕੰਮ ਕਰਨ ਆਏ ਲੋਕਾਂ ਨੂੰ ਕੀ ਕਿਹਾ ਜਾਂਦਾ ਹੈ?

1) ਮੂਲ ਵਾਸੀ 2) ਵੱਡੇ ਲੋਕ

3) ਪਰਵਾਸੀ 4) ਆਦਿਵਾਸੀ

2.ਦੁੱਧ ਨੂੰ ............ ਮੰਨਿਆ ਜਾਂਦਾ ਹੈ।

1) ਵਧੀਆ ਖ਼ੁਰਾਕ 2) ਬੇਲੋੜੀ ਖ਼ੁਰਾਕ

3) ਸੰਪੂਰਨ ਖ਼ੁਰਾਕ 4) ਨੁਕਸਾਨਦਾਇਕ ਖ਼ੁਰਾਕ

3. ਤਸਵੀਰ ਦੇਖ ਕੇ ਦੱਸੋ, ਇਹ ਕਿਸ ਖੇਡ ਨੂੰ ਦਰਸਾਉਂਦੀ ਹੈ?



1) ਹਾਕੀ 2) ਬੈਡਮਿੰਟਨ

3) ਫੁੱਟਬਾਲ 4) ਕ੍ਰਿਕਟ

4.ਕਿਸ ਖੇਡ ਮੇਲੇ ਨੂੰ ਪੇਂਡੂ ਓਲੰਪਿਕ ਖੇਡਾਂ ਵੀ ਕਿਹਾ ਜਾਂਦਾ ਹੈ?

1) ਕਿਲ੍ਹਾ ਰਾਏਪੁਰ 2) ਸੰਸਾਰਪੁਰ

3) ਸ਼ਾਹਕੋਟ 4) ਬਦਿਆਲਾ

5.ਬਿੱਲੀ ਨੂੰ ..............ਸਵਾਦ ਮਹਿਸੂਸ ਨਹੀਂ ਹੁੰਦਾ।

1) ਖੱਟਾ
2) ਨਮਕੀਨ
3) ਕੌੜਾ
4) ਮਿੱਠਾ

6.ਮਨੁੱਖ ਪਸ਼ੂ ਕਿਉਂ ਪਾਲਦਾ ਹੈ?

1)ਦੁੱਧ ਲਈ
2) ਮਾਸ ਲਈ
3) ਉੱਨ ਲਈ
4) ਉਪਰੋਕਤ ਸਭ ਕੁਝ ਲਈ

7. ਕਿਸ ਪੌਦੇ ਦੇ ਪੱਤਿਆਂ ਤੋਂ ਹੋਰ ਪੌਦਾ ਤਿਆਰ ਕੀਤਾ ਜਾ ਸਕਦਾ ਹੈ?

1) ਪਾਲਕ
2) ਮੂਲੀ
3) ਪੱਥਰਚੱਟ
4) ਗੋਭੀ

8. ਜੰਗਲ ਵਿੱਚ ਕੀ ਹੁੰਦੇ ਹਨ?

1) ਸੰਘਣੇ ਰੂਪ ਵਿੱਚ ਉੱਗੇ ਹੋਏ ਰੁੱਖ
2) ਆਦਿਵਾਸੀ ਲੋਕ
3) ਜੰਗਲੀ ਜੀਵ-ਜੰਤੂ
4) ਉਪਰੋਕਤ ਸਾਰੇ

9.ਜੇ ਤੁਸੀਂ ਹਰੀਆਂ ਸਬਜ਼ੀਆਂ ਨੂੰ ਕਈ ਦਿਨਾਂ ਤੱਕ ਖ਼ਰਾਬ ਹੋਣ ਤੋਂ ਬਚਾਉਣਾ ਹੋਵੇ, ਤਾਂ ਹੇਠ ਲਿਖਿਆਂ ਵਿੱਚੋਂ ਕਿਸ ਉਪਕਰਨ ਦੀ ਵਰਤੋਂ ਕਰੋਗੇ?

1) ਫਰਿੱਜ
2) ਮਾਇਕਰੋਵੇਵ
3) ਹੀਟਰ
4) ਪ੍ਰੈੱਸ

10.ਊਰਜਾ ਦੇਣ ਵਾਲੇ ਤੱਤ ਕਿਹੜੇ ਹਨ?

1) ਪ੍ਰੋਟੀਨ
2) ਪਾਣੀ ਅਤੇ ਮੋਟਾ ਆਹਾਰ
3) ਵਿਟਾਮਿਨ ਅਤੇ ਖਣਿਜ ਪਦਾਰਥ
4) ਕਾਰਬੋਹਾਈਡਰੇਟਸ ਅਤੇ ਚਰਬੀ

11. ਖ਼ੂਨ ਦੀ ਕਮੀ ਨਾਲ ਹੋਣ ਵਾਲੇ ਰੋਗ ਨੂੰ ਕੀ ਕਿਹਾ ਜਾਂਦਾ ਹੈ?

1) ਗਿੱਲੜ
2) ਅੰਧਰਾਤਾ
3) ਅਨੀਮੀਆ
4) ਸਕਰਵੀ

12.ਮੱਝ ਇੱਕ ........... ਜਾਨਵਰ ਹੈ।

1) ਸ਼ਾਕਾਹਾਰੀ
2) ਸਰਬ ਆਹਾਰੀ
3) ਮਾਸਾਹਾਰੀ
4) ਉਪਰੋਕਤ ਸਾਰੇ।

13.ਮਰੀਜ਼ ਦਾ ਇਲਾਜ ਕੌਣ ਕਰਦਾ ਹੈ ?

1) ਡਾਕਟਰ
2) ਡਾਕੀਆ
3) ਅਧਿਆਪਕ
4) ਚੌਕੀਦਾਰ

14. ਰੇਗਿਸਤਾਨ ਵਿੱਚ ਪਾਣੀ................ ਹੁੰਦਾ ਹੈ।

1) ਘੱਟ
2) ਨਹੀਂ
3) ਵੱਧ
4) ਇਹਨਾਂ ਵਿੱਚੋਂ ਕੋਈ ਨਹੀਂ

15. ਮੱਛੀਆਂ ਕਿਹੜੇ ਅੰਗ ਰਾਹੀਂ ਸਾਹ ਲੈਂਦੀਆਂ ਹਨ?

1) ਨੱਕ
2) ਮੂੰਹ
3) ਫੇਫੜੇ
4) ਗਲਫ਼ੜੇ

16.ਸੜਕ ਰਾਹੀਂ ਇੱਕ ਥਾਂ ਤੋਂ ਦੂਜੀ ਥਾਂ 'ਤੇ ਜਾਣ ਲਈ ਅਸੀਂ ਕਿਸਦੀ ਵਰਤੋਂ ਕਰਦੇ ਹਾਂ?

1) ਰੇਲਗੱਡੀ
2) ਬੱਸ
3) ਕਿਸ਼ਤੀ
4) ਜਹਾਜ਼

17.ਵਿਕਟੋਰੀਆ ਮੈਮੋਰੀਅਲ ਘੰਟਾ ਘਰ ਕਿਹੜੇ ਜ਼ਿਲੇ ਵਿੱਚ ਸਥਿਤ ਹੈ?

1) ਜਲੰਧਰ
2) ਅੰਮ੍ਰਿਤਸਰ
3) ਹੁਸ਼ਿਆਰਪੁਰ
4) ਫ਼ਰੀਦਕੋਟ

18. ਪੌਦੇ ਹਵਾ ਵਿੱਚੋਂ .................. ਸੋਖ ਕੇ ਭੋਜਨ ਬਣਾਉਂਦੇ ਹਨ?

1) ਆਕਸੀਜਨ
2) ਪੋਸ਼ਕ ਤੱਤ
3) ਕਾਰਬਨ ਡਾਇਆਕਸਾਈਡ
4) ਕੁਦਰਤੀ ਤੱਤ

19.ਅੱਜ-ਕੱਲ੍ਹ ਖੇਤਾਂ ਵਿੱਚ ਹਲ਼ ਵਾਹੁਣ ਲਈ ਆਮ ਤੌਰ 'ਤੇ............ਦੀ ਵਰਤੋਂ ਕੀਤੀ ਜਾਦੀ ਹੈ।

1) ਬਲ਼ਦਾਂ ਦੀ।
2) ਟਰੈਕਟਰ ਦੀ
3) ਕੰਬਾਈਨ ਦੀ
4) ਕੰਪਿਊਟਰ ਦੀ

20.ਭਿਆਨਕ ਬੀਮਾਰੀਆਂ ਅਤੇ ਵਾਤਾਵਰਨ ਦੀ ਸੰਭਾਲ ਲਈ ਕਿਸਾਨਾਂ ਨੂੰ ...........|

1)ਰਸਾਇਣਕ ਖੇਤੀ ਕਰਨੀ ਚਾਹੀਦੀ ਹੈ। 2) ਜੈਵਿਕ ਖੇਤੀ ਕਰਨੀ ਚਾਹੀਦੀ ਹੈ।

3)ਜੰਗਲਾਂ ਦੀ ਕਟਾਈ ਤੇਜ਼ੀ ਨਾਲ ਕਰਨੀ ਚਾਹੀਦੀ ਹੈ। 4) ਫ਼ਸਲਾਂ ਨੂੰ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ।

## ਭਾਗ ਅ

21. **ਸਹੀ ਮਿਲਾਨ ਕਰੋ:** **5 x 1 = 5ਅੰਕ**

| | |
|---|---|
| ਦੁੱਧ | ਤੇਲ ਵਿਚ ਰੱਖ ਕੇ |
| ਪੁਦੀਨੇ ਦੇ ਪੱਤੇ | ਜ਼ਿਆਦਾ ਖੰਡ ਪਾ ਕੇ |
| ਆਂਵਲੇ ਦਾ ਮੁਰੱਬਾ | ਠੰਢਾ ਰੱਖ ਕੇ |
| ਨਿੰਬੂ ਦਾ ਆਚਾਰ | ਸੁਕਾ ਕੇ |
| ਜਾਮਣ ਅਤੇ ਅੰਗੂਰ | ਉਬਾਲ ਕੇ |

**22. ਦਿਮਾਗੀ ਕਸਰਤ** **5 x 1 = 5ਅੰਕ**



## ਭਾਗ ੲ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :** **5 x 5 = 25ਅੰਕ**

23.ਘਰੇਲੂ ਚਿੜੀ ਦੀ ਗਿਣਤੀ ਘਟਣ ਦਾ ਮੁੱਖ ਕਾਰਨ ਕੀ ਹੈ?

24.ਸੰਤੁਲਿਤ ਭੋਜਨ ਵਿੱਚ ਕਿਹੜੇ-ਕਿਹੜੇ ਪੋਸ਼ਕ ਤੱਤ ਹੁੰਦੇ ਹਨ?

25.ਜੰਗਲਾਂ ਤੋਂ ਸਾਨੂੰ ਕਿਹੜੇ -ਕਿਹੜੇ ਪਦਾਰਥ ਪ੍ਰਾਪਤ ਹੁੰਦੇ ਹਨ?

26.ਪਾਣੀ ਵਿੱਚ ਤੈਰਨ ਵਾਲੀਆਂ ਦੋ ਵਸਤੂਆਂ ਦੇ ਨਾਂ ਲਿਖੋ?

ਜਾਂ

ਅੰਤਰਰਾਸ਼ਟਰੀ ਪੱਧਰ ਦੀਆਂ ਦੋ ਖੇਡਾਂ ਦੇ ਨਾਂ ਲਿਖੋ।

27. ਮਨੁੱਖ ਘਰ ਬਣਾ ਕੇ ਕਿਉਂ ਰਹਿੰਦਾ ਹੈ?

**ਜਾਂ**

ਹਵਾ ਪ੍ਰਦੂਸ਼ਣ ਦੇ ਕਾਰਨ ਦੱਸੋ।

28. **ਸੁੰਦਰ ਲਿਖਾਈ :** **5ਅੰਕ**